ਪਲੇਠੇ ਪਿਆਰ ਦੀ ਮੌਤ

ਆਪ ਬੀਤੀ

ਸੂਬੇਦਾਰ ਪਿਆਰਾ ਸਿੰਘ ਪਿਆਰ

ਮੇਰੀ ਅੱਜ ਦੀ ਆਪ ਬੀਤੀ, ਇਕ ਚੰਗੀ ਕਹਾਣੀ ਵਰਗੀ ਹੀ ਹੈ। ਇਹ ਵਾਰਦਾਤ ਮੇਰੇ ਦਿਲ 'ਤੇ ਇਕ ਨਰੋਈ ਸੱਟ ਸੀ ਜਿਹੜੀ ਕਿ ਵਰ੍ਹਿਆਂ ਬੱਧੀ ਗੁੱਝੀ ਸੱਟ ਵਾਂਗੂ ਰੜਕਦੀ ਰਹੀ। ਇਥੇ ਮੈਂ ਇਕ ਹੋਰ ਗੱਲ ਦਰਜ ਕਰਨੀ ਜ਼ਰੂਰੀ ਸਮਝਦਾ ਹਾਂ, ਉਹ ਹੈ ਬਾਰ (ਹੁਣ ਪਾਕਿਸਤਾਨ) ਵਿਚ ਸ਼ਾਦੀਆਂ, ਵਿਆਹਾਂ ਬਾਰੇ। ਉਂਜ ਤਾਂ ਬਾਰ ਦੇ ਕਈ ਜ਼ਿਲ੍ਹੇ ਸਨ ਪਰ ਮੇਰੀ ਜਾਣਕਾਰੀ ਵਿਚ ਤਾਂ ਜ਼ਿਆਦਾ ਜ਼ਿਲ੍ਹਾ ਲਾਇਲਪੁਰ ਤੇ ਮਿੰਟਗੁਮਰੀ ਹੀ ਘੁਮਦੇ ਹਨ। ਇਹ ਅੰਗਰੇਜ਼ ਸਰਕਾਰ ਨੇ ਵਿਸ਼ੇਸ਼ ਤਰਤੀਬ ਨਾਲ ਵਸਾਏ ਸਨ। ਇਨ੍ਹਾਂ ਜ਼ਿਲ੍ਹਿਆਂ ਦੇ ਨਾਂ ਵੀ ਅੰਗਰੇਜ਼ ਕੁਲੈਕਟਰਾਂ ਦੇ ਨਾਵਾਂ 'ਤੇ ਰੱਖੇ ਗਏ ਸਨ। ਬਸਤੀਆਂ ਵਸਾਉਣ ਲਈ ਇਧਰਲੇ ਜ਼ਿਲ੍ਹਿਆਂ ਵਿਚ ਵਲੰਟੀਅਰ ਲੋਕ ਲਏ ਗਏ। ਇਨ੍ਹਾਂ ਜ਼ਿਲ੍ਹਿਆਂ ਵਿਚ ਜਾਣ ਵਾਲਿਆਂ ਵਿਚ ਬਹੁਤੇ ਲੋਕ ਇਧਰ ਦੇ ਗ਼ਰੀਬ ਤੇ ਘੱਟ ਜ਼ਮੀਨ ਵਾਲੇ ਸਨ। ਮੇਰੇ ਬਾਬਾ ਬਸੰਤ ਸਿੰਘ ਕੋਲ ਇਧਰ ਪਿੰਡ 'ਓਇੰਦ' (ਨਜ਼ਦੀਕ ਮੋਰਿੰਡਾ) ਵਿਖੇ 20 ਵਿਘੇ ਜ਼ਮੀਨ ਸੀ। ਜਾਣ ਵਾਲਿਆਂ ਵਿਚ ਅੱਧੇ ਤੋਂ ਵੱਧ ਛੜੇ ਸਨ ਕਿਉਂਕਿ ਜੱਟ ਮੁੰਡੇ ਦਾ ਰਿਸ਼ਤਾ ਕੇਵਲ ਜ਼ਮੀਨ ਵੇਖ ਕੇ ਹੀ ਹੁੰਦਾ ਸੀ। ਉਧਰ ਗਿਆਂ ਨੇ ਜ਼ਮੀਨ ਆਬਾਦ ਕਰਨੀ ਸੀ, ਇਸ ਲਈ ਉਧਰ ਪੂਰਾ ਮੁਰੱਬਾ ਜ਼ਮੀਨ ਵਾਲੇ ਵੀ ਛੜੇ ਹੀ ਘੁਮਦੇ ਸਨ ਤੇ ਰੋਟੀ ਟੁੱਕ ਦੀ ਬੜੀ ਔਖ ਖੜੀ ਹੋ ਗਈ ਸੀ। ਇਸ ਦਾ ਹੱਲ, ਮੁੱਲ ਦੀਆਂ ਸ਼ਾਦੀਆਂ ਰਾਹੀਂ ਵੀ ਬੜੀ ਮੁਸ਼ਕਲ ਨਾਲ ਹੁੰਦਾ ਸੀ। ਉਧਰਲੇ ਪੰਜਾਬ ਵਿਚ ਕਈ ਥਾਂ ਪੂਰਬਣੀਆਂ, ਬੰਗਾਲਣਾਂ, ਕੁਦੇਸਣਾਂ ਵੀ ਦਿਸਣ ਲੱਗੀਆਂ। ਇਨ੍ਹਾਂ ਦੇ ਮੁੱਲ ਦੋ ਢਾਈ ਸੌ ਤੋਂ ਲੈ ਕੇ ਦੋ ਹਜ਼ਾਰ ਤਕ ਵੀ ਸੁਣੇ ਗਏ ਸਨ। ਮੇਰੇ ਦੋ ਬਾਬਾ ਜੀ, ਬਾਬਾ ਬਸੰਤ ਸਿੰਘ ਤੇ ਛੋਟਾ ਬਾਬਾ ਚੇਤ ਸਿੰਘ ਸਨ। ਦੋਵੇਂ ਛੜੇ। ਮੇਰੇ ਵੱਡੇ ਬਾਬਾ ਜੀ ਨੇ ਵੀ ਉਪ੍ਰੋਕਤ ਢੰਗ ਨਾਲ ਰੋਟੀ ਟੁੱਕ ਦਾ ਜੁਗਾੜ ਕਰ ਲਿਆ ਸੀ। ਜ਼ਨਾਨੀਆਂ ਦੀ ਗਿਣਤੀ ਮਰਦਾਂ ਤੋਂ ਬਹੁਤ ਘੱਟ ਸੀ। ਮੁੱਲ ਦੇ ਬਹੁਤੇ ਰਿਸ਼ਤੇ ਤਾਂ ਇਧਰਲੇ ਜ਼ਿਲ੍ਹਿਆਂ 'ਚੋਂ ਹੀ ਮਿਲਦੇ ਸਨ ਜਿਨ੍ਹਾਂ ਜ਼ਿਲ੍ਹਿਆਂ ਵਿਚ ਹੁਣ ਨਿਰੀਹ ਕੋਤਲ ਹੀ ਜੰਮਦੇ ਨੇ। ਪਿਤਾ ਜੀ ਹੋਰੀਂ ਚਾਰ ਭਰਾ ਸਨ ਤੇ ਇਕ ਮੁਰੱਬੇ ਵਿਚੋਂ ਉਨ੍ਹਾਂ ਨੂੰ ਸਵਾ ਛੇ ਕਿੱਲੇ ਹੀ ਹਰ ਇਕ ਨੂੰ ਆਉਂਦੇ ਸਨ। ਨਵਾਂ ਪੋਚ ਜਵਾਨ ਹੋਣ ਤੇ ਕਿਸੇ ਅੱਧੇ ਮੁਰੱਬੇ ਵਾਲੇ ਨੂੰ ਹੀ ਪੁੰਨ ਦਾ ਸਾਕ ਮਿਲਦਾ ਸੀ, ਛੇ ਕਿੱਲੇ ਵਾਲੇ ਨੂੰ ਬੜੀ ਮੁਸ਼ਕਲ ਨਾਲ।

ਜਦੋਂ ਮੈਂ ਜਵਾਨ ਹੋਇਆ ਤਾਂ ਮੈਨੂੰ ਛੇ ਕਿੱਲੇ ਵਾਲੇ ਨੂੰ ਕੋਈ ਨਹੀਂ ਸੀ ਪੁਛਦਾ। ਮੇਰੇ ਦਿਲ ਵਿਚ ਵਿਆਹ ਦੀ ਸੋਚ ਹਰ ਵੇਲੇ ਰਹਿੰਦੀ ਸੀ। ਮੈਨੂੰ ਹਰ ਸਮੇਂ ਇਹ ਭੁਲੇਖਾ ਤੰਗ ਕਰਦਾ ਸੀ ਕਿ ਜੇ ਵਿਆਹ ਨਾ ਹੋਇਆ ਤਾਂ ਪਿਆਰ ਦੇ ਸਾਥੀ ਬਿਨਾਂ ਜਨਮ ਬਰਬਾਦ ਹੋ ਜਾਵੇਗਾ। ਆਬਾਦੀ ਬਹੁਤ ਘੱਟ ਹੋਣ ਕਰ ਕੇ ਯਾਰੀਆਂ ਤਾਂ ਬਹੁਤ ਘੱਟ ਲਗਦੀਆਂ ਸਨ ਕਿਉਂਕਿ ਸਾਰੇ ਬਜ਼ੁਰਗ ਭਾਈ-ਭਾਈ ਬਣ ਕੇ ਰਹਿੰਦੇ ਸਨ। ਇੱਜ਼ਤ ਦੇ ਸੱਭੇ ਸਾਂਝੀਵਾਲ ਸਨ। ਸੱਭੇ ਚਾਚੀ, ਤਾਈ, ਅੰਮਾਂ, ਭੂਆ ਸਨ ਤੇ ਉਦੋਂ ਲੋਕਾਂ ਦੇ ਹਿਰਦੇ ਆਮ ਤੌਰ 'ਤੇ ਪਵਿੱਤਰ ਸਨ। ਕਦੇ ਕਦਾਈਂ ਹੀ ਕੋਈ ਬੁਰੀ ਖ਼ਬਰ ਸੁਣਨ ਵਿਚ ਆਉਂਦੀ ਸੀ। ਸੰਨ 47 ਵਿਚ ਜਿਸ ਮੁੰਡੇ ਨੂੰ ਇਕੱਲੇ ਨੂੰ ਮੁਰੱਬਾ ਜ਼ਮੀਨ ਆਉਂਦੀ ਸੀ, ਉਸ ਨੂੰ ਘਰ ਵਾਲੀ ਦੇ ਨਾਲ-ਨਾਲ ਘੋੜੀ, ਕੈਂਠਾ ਤੇ ਕੁੱਝ ਮੁੰਦੀਆਂ ਵੀ ਮਿਲਦੀਆਂ ਸਨ। ਅੱਧੇ ਮੁਰੱਬੇ ਵਾਲੇ ਨੂੰ ਵੀ ਹਰਕੁਲੀਜ਼ ਸਾਈਕਲ ਮਿਲਣ ਲੱਗ ਪਿਆ ਸੀ। ਛੇ ਕਿੱਲੇ ਵਾਲੇ ਮੁੰਡੇ ਤਾਂ ਇਉਂ ਅੜ ਜਾਂਦੇ ਜਿਵੇਂ ਕੋਈ ਗੱਡਾ ਚਲ੍ਹੇ 'ਚ ਫਸਿਆ ਖੜਾ ਹੁੰਦਾ ਹੈ।

ਸ਼ਾਇਦ ਸੰਨ 45 ਹੋਵੇਗਾ। ਸਾਡਾ ਘਰ ਦਾ ਕੰਮ ਤੇ ਖੇਤੀ ਤਾਂ ਠੀਕ ਚਲ ਰਿਹਾ ਸੀ, ਪਰ ਪਿਤਾ ਜੀ ਨੂੰ ਮੇਰੇ ਵਿਆਹ ਦਾ ਫ਼ਿਕਰ ਤੰਗ ਕਰਦਾ ਸੀ। ਉਹ ਥੋੜਾ ਬਹੁਤਾ ਮੁਲ ਤਾਰ ਕੇ ਵੀ ਫ਼ਰਜ਼ ਪੂਰਾ ਕਰਨਾ ਲੋਚਦੇ ਸਨ ਪਰ ਕਿਧਰੋਂ ਵੀ ਕੋਈ ਵੀ ਜੁਗਾੜ ਬਣ ਨਹੀਂ ਸੀ ਰਿਹਾ। ਅੰਤ ਉਸ ਨੇ ਮੇਰੀ ਬੇਬੇ ਜੀ (ਮਤਰੇਈ ਮਾਂ) ਨੂੰ ਪਲੋਸਣਾ ਸ਼ੁਰੂ ਕੀਤਾ, ਪਰ ਉਸ ਨੇ ਠੋਕ ਕੇ ਜਵਾਬ ਦੇ ਦਿਤਾ। ਪਿਤਾ ਜੀ ਕਹਿੰਦੇ ਸਨ ਕਿ, 'ਤੂੰ ਅਪਣੀ ਵੱਡੀ ਭੈਣ ਦੀਆਂ ਤਿੰਨ ਕੁੜੀਆਂ ਵਿਚੋਂ ਇਕ ਦਾ ਰਿਸ਼ਤਾ ਪਿਆਰੇ ਨੂੰ ਲਿਆ ਕੇ ਜਸ ਖੱਟ ਲੈ', ਪਰ ਬੇਬੇ ਜੀ ਕਹਿੰਦੀ ਰਹੀ ਕਿ, 'ਭੈਣ ਦੀਆਂ ਕੁੜੀਆਂ ਤਾਂ ਪਿਆਰੇ ਦੀਆਂ ਭੈਣਾਂ ਦੀ ਥਾਂ ਹਨ। ਮੈਂ ਨਹੀਂ ਇਹ ਪਾਪ ਕਰਨਾ।'

ਬਾਪੂ ਜੀ ਨੇ ਫਿਰ ਵੀ ਉਸ ਨੂੰ ਮਨਾਉਣਾ ਜਾਰੀ ਰਖਿਆ ਕਿ, 'ਵੇਖ! ਰੋੜੇ ਭੈਣ ਦਾ ਵੱਟ ਸਿੱਧਾ ਕਰਦੇ ਨੇ। ਇਹ ਤਾਂ ਰਿਵਾਜ ਹੈ, ਪਾਪ ਨਹੀਂ। ਅਪਣੇ ਪਿੰਡ ਵਿਚ ਤਿੰਨ ਘਰਾਂ ਵਿਚ ਚਾਚਾ-ਭਤੀਜਾ ਸਾਂਢੂ ਨੇ। ਫ਼ਲਾਣੇ ਬੰਦੇ ਦਾ ਸਾਂਢੂ, ਉਸ ਦਾ ਸਕਾ ਮਾਮਾ ਹੈ। ਉਨ੍ਹਾਂ ਨੂੰ ਤਾਂ ਕਿਸੇ ਨੂੰ ਪਾਪ ਨਹੀਂ ਲੱਗਾ? ਤੂੰ ਤੇ ਤੇਰੀ ਭਾਣਜੀ ਘਰ ਸਾਂਭੋ, ਮੌਜਾਂ ਕਰੋ।'

ਅੰਤ ਬੇਬੇ ਜੀ ਮੰਨ ਗਈ ਤੇ ਖ਼ੁਸ਼ੀ ਵਿਚ ਖੀਵੇ ਹੋਏ ਮੇਰੇ ਬਾਪੂ ਜੀ ਨੇ ਮੈਨੂੰ ਵੀ ਦੱਸ ਦਿਤਾ, "ਪਿਆਰੇ, ਤੈਨੂੰ ਤੇਰੀ ਮਾਸੀ ਦੀ ਕੁੜੀ ਦਾ ਰਿਸ਼ਤਾ ਕਰਾਉਣ ਦੀ ਸੋਚ ਰਹੇ ਹਾਂ", ਪਰ ਮੈਂ ਵੀ ਅਪਣੇ ਉੱਚ ਵਿਚਾਰਾਂ ਕਾਰਨ ਇਸ ਰਿਸ਼ਤੇ ਤੋਂ ਨਾਂਹ ਕਰ ਦਿਤੀ ਤੇ ਕਿਹਾ, 'ਬਾਪੂ ਜੀ! ਮੇਰਾ ਵਿਆਹ ਹੋਵੇ ਜਾਂ ਨਾ ਹੋਵੇ, ਪਰ ਮੈਂ ਮਾਸੀ ਦੀ ਕੁੜੀ ਨਾਲ ਵਿਆਹ ਨਹੀਂ ਕਰਵਾ ਸਕਦਾ। ਦੂਜਾ, ਇਹ ਕਿ ਤੁਸੀ ਮੁੱਲ ਦੇ ਰਿਸ਼ਤੇ ਦੀ ਗੱਲ ਤੋਰਦੇ ਹੋ, ਮੈਂ ਉਹ ਵੀ ਨਹੀਂ ਕਰ ਸਕਦਾ। ਇਹ ਕੋਈ ਮੱਝ-ਗਾਂ ਦਾ ਸੌਦਾ ਨਹੀਂ।' ਬਾਪੂ ਜੀ ਨੇ ਅਪਣੇ ਇਕ ਦੋ ਦੋਸਤ ਮੈਨੂੰ ਸਮਝਾਉਣ ਤੇ ਤਾਣ ਦਿਤੇ ਜਿਨ੍ਹਾਂ ਦੇ ਮਿੱਠੇ ਵਿਹਾਰ ਨੇ ਮੈਨੂੰ ਰਾਜ਼ੀ ਕਰ ਹੀ ਲਿਆ।

ਮੇਰੇ ਰਾਜ਼ੀ ਹੋਣ 'ਤੇ ਬੇਬੇ ਜੀ ਇਧਰ ਅਪਣੇ ਪੇਕੇ ਤੇ ਭੈਣ ਦੇ ਸਹੁਰੇ ਮਿਲਣ ਨੂੰ ਆ ਗਈ (ਇਹ ਰਿਆਸਤ ਮਲੇਰਕੋਟਲਾ 'ਚ ਪੈਂਦੇ ਸਨ)। ਉਹ ਅਪਣੇ ਪੇਕਿਆਂ ਤੇ ਅਪਣੀ ਭੈਣ ਦੇ ਪ੍ਰਵਾਰ ਦੀ ਰਜ਼ਾਮੰਦੀ ਲੈ ਕੇ ਮੁੜੀ। ਇਹ ਰਜ਼ਾਮੰਦੀ ਵਿਚਲੀ ਕੁੜੀ 'ਬਚਨੋ' ਵਾਸਤੇ ਸੀ ਕਿਉਂਕਿ ਉਸ ਤੋਂ ਵੱਡੀ ਵਿਆਹੀ ਗਈ ਸੀ ਤੇ ਤੀਜੀ ਕੁੜੀ ਅਜੇ ਨਿਆਣੀ ਸੀ। ਬੇਬੇ ਜੀ ਨੇ ਖ਼ੁਸ਼ਖ਼ਬਰੀ ਸੁਣਾਈ। ਘਰ ਵਿਚ ਵਿਆਹ ਜਿਹਾ ਹੀ ਮਾਹੌਲ ਹੋ ਗਿਆ ਅਤੇ ਖੀਰ ਕੜਾਹ ਦਾ ਪ੍ਰਵਾਹ ਚਲਿਆ, ਪਰ ਅਸੀ ਬਾਹਰ ਭਾਫ਼ ਨਾ ਕੱਢੀ ਕਿਉਂਕਿ ਚੁਗਲ ਲੋਕ ਤਾਂ ਰੱਬ ਕੋਲ ਵੀ ਚੁਗਲੀ ਲਾ ਸਕਦੇ ਹਨ।

'ਪਿੰਡ ਮਰਾੜਾਂ ਵਰਗੇ ਕਿਧਰੇ ਚੁਗਲਖ਼ੋਰ ਨਾ ਮਿਲਦੇ।''

(ਬਾਪੂ ਸਿੰਘ ਮਾਨ, ਮਰਾੜਾਂ ਵਾਲਾ)

ਇਸ ਖ਼ਬਰ ਨਾਲ ਮੇਰਾ ਕਲਹਿਰੀ ਮੋਰ ਮਨ ਹਰ ਵੇਲੇ ਹੀ ਪੈਲਾਂ ਪਾਉਣ ਲੱਗਾ। ਕੰਮ ਸਮੇਂ, ਮੈਂ ਕੰਮ ਵੀ ਪੂਰੇ ਜੋਸ਼ ਨਾਲ ਕਰਦਾ ਸੀ, ਪਰ ਚਿੱਤ 'ਬਚਨੋ' ਨਾਲ ਹੀ ਕਲੋਲਾਂ ਕਰਦਾ ਰਹਿੰਦਾ ਸੀ। ਮਨ ਵਿਚ ਪਿਆਰ ਦਾ ਬੂਟਾ ਜੰਮਦੇ ਹੀ ਜਵਾਨ ਹੋ ਗਿਆ। ਮੈਂ ਪਲ-ਪਲ ਉਸ ਨੂੰ ਫੱਲ ਲੱਗਣ ਨੂੰ ਉਡੀਕਣ ਲੱਗਾ। ਦਿਨੇ ਕੰਮ ਵਿਚ 'ਹੱਥ ਕਾਰ ਵਲ ਤੇ ਦਿਲ ਯਾਰ ਵਲ' ਰਹਿੰਦਾ ਸੀ ਤੇ ਰਾਤ ਤਾਰੇ ਗਿਣਦਿਆਂ ਦੀ ਲੰਘਦੀ, ਪਰ ਜੀਅ ਰਿਹਾ ਸੀ ਆਸ 'ਤੇ।

ਉਧਰ ਹੌਸਲੇ ਦੇ ਹੁੰਦਿਆਂ ਹੌਲ ਵੀ ਦਿਨ-ਬ-ਦਿਨ ਵਧਦੇ ਜਾ ਰਹੇ ਸਨ। ਸੰਨ 46 ਵਿਚ ਹੀ ਆਜ਼ਾਦੀ (ਬਰਬਾਦੀ) ਦਾ ਬਿਗਲ ਵੱਜ ਗਿਆ ਸੀ। ਪੋਠੋਹਾਰ ਵਲੋਂ ਉਜੜ ਕੇ ਆਏ ਲੋਕਾਂ ਕੋਲੋਂ ਕਤਲੋ ਗ਼ਾਰਤ ਤੇ ਜ਼ਾਲਮਾਨਾ ਕਹਿਰ ਦੀਆਂ ਗੱਲਾਂ ਨਾਲ ਜਾਪਦਾ ਸੀ ਕਿ ਸਾਰੀਆਂ ਉਮੀਦਾਂ, ਖ਼ੁਸ਼ੀਆਂ ਨੂੰ ਗ੍ਰਹਿਣ ਲੱਗ ਗਿਆ ਹੈ। ਉਜਾੜੇ ਵੇਲੇ, ਵਟਾਂਦਰੇ ਸਮੇਂ ਤੇ ਇਹ ਉਮੀਦਾਂ ਵੀ ਟੁਟਦੀਆਂ ਜਾਪਦੀਆਂ ਕਿ ਅਸੀ ਅਪਣੀਆਂ ਜਾਨਾਂ ਲੈ ਕੇ ਵੀ ਦੇਸ਼ ਜਾ ਸਕਾਂਗੇ ਕਿ ਨਹੀਂ? ਪਰ ਸਾਡੇ ਪਿੰਡਾਂ ਵਿਚ ਸਾਡੇ ਪਿੰਡ ਦੇ ਤੇ ਲਾਗਲੇ ਪਿੰਡਾਂ ਦੇ ਮੁਸਲਮਾਨ ਵੀਰਾਂ ਨੇ ਕੋਈ ਹਮਲਾ ਜਾਂ ਨੁਕਸਾਨ ਨਹੀਂ ਕੀਤਾ। ਜੁਗੋ-ਜੁਗ ਵੱਸਣ, ਸਗੋਂ ਸਾਡੇ ਪਿੰਡਾਂ ਦੇ ਲੋਕ ਗੱਡੇ ਜੋੜ ਕੇ ਹੌਲੀ-ਹੌਲੀ ਜਦੋਂ ਆਏ ਤਾਂ ਬੈਲਾਂ ਨੂੰ ਪੱਠੇ (ਚਰ੍ਹੀ) ਵੱਢ-ਵੱਢ ਪਾਉਂਦੇ ਆਏ। ਕਿਸੇ ਵੀ ਪਿੰਡ ਦੇ ਕਿਸੇ ਮੁਸਲਮਾਨ ਵੀਰ ਨੇ ਇਤਰਾਜ਼ ਕੀਤਾ ਹੋਵੇ, ਅਸੀ ਨਹੀਂ ਸੁਣਿਆ।

ਉਜਾੜੇ ਦੇ ਦਿਨਾਂ ਵਿਚ ਗਿਆਨੀ ਕਰਤਾਰ ਸਿੰਘ ਸਾਡੇ ਪਿੰਡਾਂ ਵਿਚ ਆਪ ਪਹੁੰਚਿਆ ਤੇ ਉਸ ਨੇ ਦਸਿਆ ਕਿ ਫ਼ੈਸਲਾ ਹੋ ਚੁਕਿਐ। ਗੱਡੇ ਜੋੜ ਕੇ ਚਾਲੇ ਪਾ ਦਿਉ। ਗੱਡੇ ਕਾਫ਼ਲਾ ਬਣ ਕੇ, ਰਾਸ਼ਨ ਨਾਲ ਲੈ ਕੇ ਤੁਰੇ ਤਾਂ ਪਿੰਡ ਦੇ ਗ਼ਰੀਬ ਲੋਕਾਂ ਦੇ ਵੀ ਇਕ ਜਾਂ ਦੋ ਦੋ ਨਗ (ਕਪੜਿਆਂ ਜਾਂ ਜ਼ਰੂਰੀ ਵਸਤਾਂ ਦੇ) ਵੀ ਗੱਡਿਆਂ 'ਤੇ ਧਰਾ ਕੇ ਉਨ੍ਹਾਂ ਨੂੰ ਨਾਲ ਲੈ ਕੇ ਆਏ। ਉਂਜ ਲੋਕ ਮਹੀਨਾ ਭਰ ਬੇਹੱਦ ਤੰਗ ਹੋਏ। ਨਾ ਨਹਾਏ, ਨਾ ਕਪੜੇ ਧੋਏ। ਬੀਮਾਰੀਆਂ ਤਾਂ ਵਖਰੀਆਂ ਹੀ ਸਨ। ਬੱਲੋ ਕੀ ਦੇ ਹੈੱਡ ਕੋਲ ਆ ਕੇ ਹੈਜ਼ਾ ਪੈ ਗਿਆ। ਬਹੁਤ ਜਣੇ ਦੋ-ਦੋ, ਤਿੰਨ-ਤਿੰਨ ਘੰਟੇ ਵਿਚ ਪਾਰ ਬੋਲੇ। ਸਾਡੇ ਗੱਡੇ ਦੇ ਅਗਲੇ ਗੱਡੇ 'ਤੇ ਇਕ ਸਿੱਖ ਫ਼ੌਜੀ ਉਜਾਗਰ ਸਿੰਘ, ਜੋ ਛੁੱਟੀ ਆਇਆ ਹੋਇਆ ਸੀ, ਕਾਫ਼ਲੇ ਵਿਚ ਸੀ। ਉਸ ਕੋਲ ਥੋੜੀ ਮਾਤਰਾ ਵਿਚ ਰਮ (ਸ਼ਰਾਬ) ਸੀ, ਉਸੇ ਨਾਲ ਉਸ ਨੇ ਅਪਣੇ ਪ੍ਰਵਾਰ ਤੋਂ ਇਲਾਵਾ 10-12 ਬੰਦਿਆਂ ਦੀ ਜਾਨ ਬਚਾਈ। ਜਿਸ ਹੈਜ਼ੇ ਵਾਲੇ ਨੂੰ ਇਕ ਬੂੰਦ ਜਾਂ ਦੋ ਬੂੰਦ ਰਮ ਮਿਲ ਗਈ, ਉਹ ਬੱਚ ਗਿਆ।

ਅਸੀ ਅਪਣੇ ਜੱਦੀ ਪਿੰਡ (ਓਇੰਦ) ਆ ਕੇ ਡੇਰਾ ਜਮਾ ਲਿਆ। ਮਹੀਨਾ ਕੁ ਭਰ ਥੋੜਾ ਸੈੱਟ ਹੋਣ ਵਿਚ ਲੱਗਾ। ਪਹਿਲਾਂ ਬਾਪੂ ਜੀ ਤੇ ਬੇਬੇ ਜੀ ਮੇਰੇ ਦੋਏ ਥਾਵੇਂ ਨਾਨਕਿਆਂ ਵਿਚ ਮਿਲਦੇ ਰਹੇ। ਫਿਰ ਮੈਂ ਅਪਣੇ ਪਹਿਲੇ ਨਾਨਕੇ ਜਾਣ ਨੂੰ ਕਿਹਾ ਅਤੇ ਆ ਗਿਆ। ਮਿਲਣ ਤੋਂ ਬਾਅਦ ਮੈਂ ਅਪਣੇ ਅਸਲ ਨਾਨਕੇ ਕਰੀਬ 30 ਕੋਹ ਪੈਂਡਾ ਪੈਦਲ ਕੱਢ ਕੇ ਮਾਮਾ ਜੀ ਤੇ ਨਾਨੀ ਜੀ ਨੂੰ ਮਿਲਿਆ, ਪਰ ਚਿੱਤ ਮੇਰਾ ਹਰ ਸਮੇਂ 'ਬਚਨੋ' ਨੂੰ ਮਿਲਣ ਨੂੰ ਤਰਸਦਾ/ਤੜਫਦਾ ਸੀ। ਮਨ ਤਕੜਾ ਕਰ ਕੇ ਮੈਂ ਇਕ ਦਿਨ ਮਾਮਾ ਜੀ ਨੂੰ ਪੁਛਿਆ, "ਮਾਮਾ ਜੀ, ਚੰਦੂ ਰਾਈਆਂ ਪਿੰਡ ਇਥੋਂ ਕਿੰਨੀ ਕੁ ਦੂਰ ਹੈ?"

"ਕਿਉਂ? ਤੂੰ ਉਥੋਂ ਕੀ ਲੈਣੈ? ਆਹ ਹੋਵੇਗਾ ਕੋਈ 10 ਕੁ ਮੀਲ।" ਮਾਮਾ ਜੀ ਨੇ ਕਿਹਾ।

ਮੈਂ ਕਿਹਾ, "ਉਥੇ ਹੁਣ ਵਾਲੀ ਬੇਬੇ ਜੀ ਦੀ ਵੱਡੀ ਭੈਣ ਦਾ ਪ੍ਰਵਾਰ ਵਸਦਾ ਹੈ। ਜੇ ਮੈਂ ਉਨ੍ਹਾਂ ਦੀ ਵੀ ਖ਼ਬਰ ਲੈ ਆਵਾਂ ਤਾਂ ਬੇਬੇ ਜੀ ਬਹੁਤ ਖ਼ੁਸ਼ ਹੋਵੇਗੀ।"

ਅੰਦਰੋਂ ਮੇਰਾ ਦਿਲ ਕਹਿੰਦਾ ਸੀ, 'ਮੈਂ ਤਾਂ ਅਪਣੀ 'ਬਚਨੋ' ਨੂੰ ਮਿਲਣਾ ਹੈ, ਖ਼ਬਰ ਦਾ ਬਹਾਨਾ ਬਣਾ ਕੇ।' ਮਾਮਾ ਕਹਿਣ ਲੱਗਾ, "ਦੋ ਦਿਨ ਠਹਿਰ। ਮੈਨੂੰ ਕੰਮ ਹੈ, ਚੌਥੇ ਨੂੰ ਚੱਲਾਂਗੇ।" ਇਹ ਦੋ ਦਿਨ ਮੈਨੂੰ ਦਸਾਂ ਸਾਲਾਂ ਤੋਂ ਵੀ ਵੱਡੇ ਜਾਪੇ, ਪਰ ਹੋਰ ਕੋਈ ਚਾਰਾ ਵੀ ਨਹੀਂ ਸੀ।

ਮਾਮਾ ਜੀ ਫ਼ੌਜ ਵਿਚੋਂ ਆਏ ਸਨ ਤੇ ਉਨ੍ਹਾਂ ਕੋਲ ਨਵਾਂ ਹਰਕੁਲੀਜ਼ ਸਾਈਕਲ ਸੀ। ਅਸੀ ਚਾਹ ਪੀ ਕੇ ਹੀ ਤੁਰ ਪਏ, ਇਹ ਸੋਚ ਕੇ ਕਿ ਹਾਜ਼ਰੀ ਵੇਲਾ ਤਾਂ ਚੰਦੂ ਰਾਈਆਂ ਹੀ ਕਰਾਂਗੇ। ਚੰਦੂ ਰਾਈਆਂ ਵੜਨ ਤੋਂ ਪਹਿਲਾਂ ਸਿਵੇ ਆ ਗਏ ਜਿਥੇ ਕਿ ਪਿਛਲੇ ਦਿਨ ਹੀ ਕਿਸੇ ਪ੍ਰਾਣੀ ਦਾ ਸਸਕਾਰ ਕੀਤਾ ਹੋਇਆ ਸੀ। ਅਸੀ ਸਾਈਕਲ ਤੋਂ ਹੇਠਾਂ ਉਤਰ ਕੇ ਜਦੋਂ ਤੁਰੇ ਤਾਂ ਮਾਮਾ ਜੀ ਕਹਿਣ ਲੱਗੇ, "ਅੱਜ ਤਾਂ ਬਈ ਕੋਈ ਤਾਜ਼ਾ ਹੀ ਰਾੜ੍ਹਿਆ ਲਗਦੈ।"

ਮੈਂ ਉਸ ਦੀ ਭੱਦੀ ਮੁਸਕਰਾਹਟ ਦਾ ਸਾਥ ਨਾ ਦੇ ਸਕਿਆ ਸਗੋਂ ਮੇਰੇ ਦਿਲ 'ਤੇ ਇਸ ਕੁਸ਼ਗਨ ਦਾ ਜ਼ਬਰਦਸਤ ਧੱਕਾ ਲੱਗਾ। ਮੈਂ ਅਪਣੇ ਧੁਰ ਦਿਲੋਂ ਅਪਣੀ ਬਚਨੋ ਦੀ ਸੁੱਖ ਮੰਗਦਾ ਹੋਇਆ ਤੇ ਛੇਤੀ ਤੋਂ ਛੇਤੀ ਦੀਦਾਰ ਦੀ ਤਲਬ ਨਾਲ ਰੱਬ ਅੱਗੇ ਅਰਦਾਸ ਕਰਦਾ ਹੋਇਆ ਕਿ, 'ਹੇ ਰੱਬਾ! ਇਹ ਮਰਗ ਕਿਸੇ ਹੋਰ ਘਰ ਦੀ ਹੋਵੇ' ਮਾਮਾ ਜੀ ਨਾਲ ਤੁਰਦਾ ਰਿਹਾ।

ਇਕ ਬੰਦੇ ਤੋਂ ਘਰ ਪੁੱਛ ਕੇ ਅਸੀ ਜਦੋਂ ਘਰ ਅੱਗੇ ਪਹੁੰਚੇ ਤਾਂ ਉਸ ਬੰਦੇ ਨੇ ਮੇਰੇ ਮਾਸੜ ਜੀ ਨੂੰ ਬਾਹਰ ਬੁਲਾਇਆ। ਅਸੀ ਸਤਿ ਸ੍ਰੀ ਅਕਾਲ ਬੁਲਾਈ। ਫ਼ਤਿਹ ਦਾ ਢਿੱਲਾ ਜਿਹਾ ਜਵਾਬ ਦੇ ਕੇ ਤੇ ਬਿਨਾਂ ਹੱਥ ਮਿਲਾਏ, ਮਾਸੜ ਜੀ ਅੱਗੇ-ਅੱਗੇ ਅੰਦਰ ਨੂੰ ਤੁਰ ਪਏ ਤੇ ਅਸੀ ਪਿੱਛੇ-ਪਿੱਛੇ ਤੁਰ ਪਏ। ਵਿਹੜੇ ਵੜਦਿਆਂ ਹੀ ਵੇਖਿਆ ਕਿ ਵਿਛੇ ਹੋਏ ਖੇਸਾਂ 'ਤੇ 8-10 ਬੰਦੇ ਸੋਗੀ ਹਾਲਤ ਵਿਚ ਬੈਠੇ ਸਨ। ਇਨ੍ਹਾਂ ਵਿਚ ਬੇਬੇ ਜੀ ਦੇ ਤਿੰਨੇ ਭਾਈ ਵੀ ਸਨ। ਇਹ ਵੇਖ ਕੇ ਹੀ ਮੈਂ ਸੁੰਨ ਹੋ ਗਿਆ। ਮੈਨੂੰ ਲੱਗਾ ਜਿਵੇਂ ਮੇਰੇ ਦਿਲ 'ਤੇ ਕੋਈ ਬੰਬ ਡਿੱਗ ਪਿਆ ਹੋਵੇ। ਮੇਰੀ ਉਸ ਸਮੇਂ ਦੀ ਹਾਲਤ ਪੂਰੀ ਗੰਭੀਰ, ਭੈ-ਭੀਤ ਸੀ। ਓਨੀ ਹੀ, ਜਿੰਨੀ ਕਿਸੇ 'ਤੇ ਬੰਬ ਡਿੱਗਣ ਤੋਂ ਬਾਅਦ ਫਟਣ ਦੇ ਵੇਲੇ ਤਕ ਦੀ ਹੋ ਸਕਦੀ ਹੈ। ਮਾਮਾ ਜੀ ਨੇ ਗਲਾ ਸਾਫ਼ ਕਰ ਕੇ ਗੱਲ ਤੋਰੀ, "ਸਰਦਾਰ ਜੀ! ਇਹ ਕੀ ਭਾਣਾ ਵਰਤ ਗਿਆ?"

ਮਾਸੜ ਜੀ ਕਹਿਣ ਲੱਗੇ, "ਕੀ ਦਸੀਏ ਸਰਦਾਰ ਜੀ, ਮੇਰੀ ਵਿਚਾਲੜੀ ਲੜਕੀ ਨੂੰ ਕਲ ਸਵੇਰੇ ਇਹੋ ਜਿਹਾ ਹੈਜ਼ਾ ਹੋਇਆ, ਜੋ ਚਾਰ ਘੰਟਿਆਂ ਵਿਚ ਹੀ ਉਸ ਨੂੰ ਨਾਲ ਲੈ ਗਿਆ। ਅਗਲੇ ਮਹੀਨੇ ਅਸੀ ਉਸ ਦੇ ਵਿਆਹ ਦੀ ਤਿਆਰੀ ਕਰ ਰਹੇ ਸੀ। ਉਹ ਵੀ ਬੜੇ ਚਾਵਾਂ ਨਾਲ ਦਾਜ ਦੀ ਤਿਆਰ ਕਰ ਰਹੀ ਸੀ। ਕੁੜੀ ਏਨੀ ਸੁਹਾਨਰੀ, ਮਿੱਠ ਬੋਲੀ ਸੀ ਕਿ ਸਾਡੇ ਘਰ ਤਾਂ ਕੀ, ਸਾਰੇ ਪਿੰਡ ਵਿਚ ਉਸ ਰਾਤ ਰੋਟੀ ਨਹੀਂ ਪੱਕੀ, ਸੋਗ ਪੈ ਗਿਆ।"

ਬਸ, ਮੇਰੇ ਦਿਲ 'ਤੇ ਬੰਬ ਫੱਟ ਗਿਆ। ਮਾਸੜ ਦੇ ਰੋ ਪੈਣ ਤੋਂ ਪਹਿਲਾਂ, ਮੇਰੇ ਹੰਝੂ ਵੱਗ ਤੁਰੇ ਤੇ ਮੈਂ ਰੋਣ ਹਾਕੀ ਆਵਾਜ਼ ਵਿਚ ਕਿਹਾ, "ਓ ਮਾਮਾ ਜੀ! ਰੱਬ ਦੇ ਨਾਲ-ਨਾਲ, ਤੂੰ ਵੀ ਮੇਰਾ ਸਕਾ ਮਾਮਾ ਹੋ ਕੇ ਵੀ, ਮੇਰਾ ਦੁਸ਼ਮਣ ਬਣ ਗਿਆ। ਜੇ ਤੂੰ ਪਰਸੋਂ ਤੁਰ ਪੈਂਦਾ ਤਾਂ ਮੈਂ ਅਪਣੀ ਬਚਨੋ...!"

ਮੋਬਾਈਲ : 99886-28989

ਕਾਵਿ-ਕਿਆਰੀ

ਮਿੱਟੀ ਦੇ ਰੰਗ

ਮਿੱਟੀ ਤੇਰੀ ਖੇਡ ਨਿਰਾਲੀ, ਵਖਰਾ ਹੈ ਤੇਰਾ ਨਜ਼ਾਰਾ।
ਹਰ ਪਾਸੇ ਅੱਜ ਪਸਰਿਆ, ਮਿੱਟੀ ਦਾ ਹੀ ਪਸਾਰਾ।
ਮਿੱਟੀ ਨੂੰ ਮਿੱਟੀ ਪਈ ਦੇਖੇ, ਮਿੱਟੀ ਨੂੰ ਹੀ ਮਿੱਟੀ ਚਾਹੇ।
ਮਿੱਟੀ ਹੀ ਮਿੱਟੀ ਦੀ ਦੁਸ਼ਮਣ, ਮਿੱਟੀ ਹੀ ਪਾਉਂਦੀ ਗਲ ਫਾਹੇ।
ਮਿੱਟੀ ਹੀ ਮਿੱਟੀ ਨੂੰ ਗਰਮਾਏ, ਫਿਰ ਇਕ ਨਵਾਂ ਕਲਬੂਤ ਬਣਾਏ।
ਇਹ ਕਲਬੂਤ ਵੀ ਫਿਰ ਤੋਂ, ਮਿੱਟੀ ਦੀ ਹੀ ਜੂਨ ਹੰਢਾਏ।
ਮਿੱਟੀ ਨੂੰ ਹੀ ਪਾਉਣ ਦੀ ਖ਼ਾਤਰ, ਮਿੱਟੀ ਵੰਨ-ਸੁਵੰਨੇ ਰੰਗ ਵਟਾਏ।
ਮਿੱਟੀ ਹੀ ਬਣ ਮਿੱਟੀ ਦੀ ਦੁਸ਼ਮਣ, ਮਿੱਟੀ ਨੂੰ ਹੀ ਮਿਟਾਏ।
ਮਿੱਟ ਕੇ ਵੀ ਫਿਰ ਇਹ ਮਿੱਟੀ, ਮਿੱਟੀ ਹੀ ਬਣ ਜਾਏ।
ਮਿੱਟੀ ਤੇਰੀ ਖੇਡ ਅਜਬ ਇਹ, ਕੋਈ ਸਮਝ ਨਾ ਪਾਏ।
ਹਰ ਮਿੱਟੀ, ਮਿੱਟੀ ਤਕ ਰਹੇ, ਰੂਹ ਤਕ ਪਹੁੰਚ ਨਾ ਪਾਏ।

- ਅਸਿਸਟੈਂਟ ਪ੍ਰੋਫ਼ੈਸਰ ਵੀਨੂੰ ਵਰਮਾ,
ਸ੍ਰੀ ਅਰਵਿੰਦੋ ਕਾਲਜ ਆਫ਼ ਕਾਮਰਸ ਐਂਡ ਮੈਨੇਜਮੈਂਟ, ਲੁਧਿਆਣਾ।
ਮੋਬਾਈਲ : 90410-83440

ਇਸ਼ਤਿਹਾਰ

ਕਾਗ਼ਜ਼ ਸਾਰੇ ਕਰ ਲਉ ਪੂਰੇ, ਕਾਲਮ ਨਾ ਕੋਈ ਰਹਿਣ ਅਧੂਰੇ।
ਸਰਟੀਫ਼ੀਕੇਟ ਕਾਪੀ ਕਰਵਾ ਲਉ, ਰੰਗਦਾਰ ਫ਼ੋਟੋ ਖਿਚਵਾ ਲਉ।
ਹੱਥੋਂ ਮੌਕਾ ਜਾਣ ਦਿਉ ਨਾ, ਕਿਸਮਤ ਚਮਕਣ ਵਾਲੀ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਪਹਿਲਾਂ ਸੁਣੋ ਯੋਗਤਾ ਸਾਰੇ, ਗੋਰਾ ਰੰਗ ਤੇ ਡੋਲੇ ਭਾਰੇ।
ਗੱਲ ਕਰਨ ਵਿਚ ਹੋਵੇ ਕੰਜਰ, ਮੋਟੇ ਢਿੱਡ ਦੇ ਵਾਧੂ ਨੰਬਰ।
ਦਾੜ੍ਹੀ ਕੇਸ ਵਧਾ ਕੇ ਰਖਣੇ, ਸੂਰਤ ਰਿਸ਼ੀਆਂ ਵਾਲੀ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਝੂਠ ਬੋਲਦਾ ਹੋਵੇ ਰੱਜ ਕੇ, ਕਰੇ ਮੱਕਾਰੀ ਉਹ ਭੱਜ-ਭੱਜ ਕੇ।
ਗੁੰਡਾਗਰਦੀ ਕਰਦਾ ਹੋਵੇ, ਥਾਣੇ ਚੌਕੀ ਭਰਦਾ ਹੋਵੇ।
ਕਬਜ਼ੇ ਕਰ ਕੇ ਮੱਠ ਬਣਾਉਣੇ, ਫ਼ੌਜ ਬਥੇਰੀ ਪਾਲੀ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਬਾਬੇ ਬਣ ਕੇ ਕੰਮ ਕੀ ਕਰਨਾ, ਗੱਲੀਂ ਲੋਕਾਂ ਦਾ ਢਿੱਡ ਹੈ ਭਰਨਾ।
ਮੂਰਖ ਲੋਕ ਬਣਾਉਣੇ ਅੰਨ੍ਹੇ, ਅੱਖ ਨਾ ਖੋਲ੍ਹਣ ਹਰ ਕੋਈ ਮੰਨੇ।
ਬੀਬੀਆਂ ਨੂੰ ਪ੍ਰਵਚਨ ਦੇਣ ਲਈ, ਵਖਰੀ ਗੁਫ਼ਾ ਬਣਾ ਲਈ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਕਾਲੀ ਦਾੜ੍ਹੀ ਵਾਈਟ ਕਰਾ ਲਉ, ਬੇਸ਼ਕ ਧੌਲੇ ਨਕਲੀ ਲਾ ਲਉ।
ਮਧੁਰ ਬੋਲਣੀ ਸਿਖ ਲਉ ਬਾਣੀ, ਰੱਬ ਨਾਲ ਸੱਭ ਦੀ ਚੈਟ ਕਰਾਣੀ।
ਸ੍ਰੀ ਸ੍ਰੀ ਤੇ ਇਕ ਸੌ ਅੱਠ ਦੀ, ਨੰਬਰ ਪਲੇਟ ਬਣਾ ਲਈ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਲੋਕਲ ਨੇਤਾ ਨਾਲ ਲਗਾ ਕੇ, ਲੁਟਣਾ ਮਿੰਨ੍ਹਾ ਜਿਹਾ ਮੁਸਕਾ ਕੇ।
ਸ਼ਾਮਲਾਟ 'ਤੇ ਕਬਜ਼ੇ ਕਰਨੇ, ਚੇਲਿਆਂ ਤੋਂ ਲਗਵਾ ਕੇ ਧਰਨੇ।
ਜੇ ਕੋਈ ਗੱਲ ਵੱਧ ਘੱਟ ਹੋ ਜਾਏ, ਭੁੱਖ ਹੜਤਾਲ ਕਰਾ ਲਈ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਸੰਗਤਾਂ ਹਨ ਪ੍ਰਵਚਨ ਸੁਣਨ ਨੂੰ, ਚੰਗੇ ਮੰਦੇ ਬਚਨ ਸੁਣਨ ਨੂੰ।
ਬਾਬੇ ਵਾਂਗ ਬਣਾ ਕੇ ਸ਼ਕਲਾਂ, ਕਰਨੀਆਂ ਨੇ ਰਿਸ਼ੀਆਂ ਦੀਆਂ ਨਕਲਾਂ।
ਨੱਚ ਟੱਪ ਕੇ ਦੁਨੀਆਂ ਨੂੰ ਲੁਟਣਾ, ਸੰਗਤ ਲੁੱਟਣ ਨੂੰ ਕਾਹਲੀ ਐ।
ਸੱਭ ਲੋੜਵੰਦ ਅਪਲਾਈ ਕਰੋ, ਬਾਬੇ ਦੀ ਪੋਸਟ ਖ਼ਾਲੀ ਐ।
ਲੋਕੋ ਕਿਹੜੇ ਪਾਸੇ ਵੱਗ ਪਏ, ਇੱਜ਼ਤਾਂ ਚਾਕ ਕਰਾਵਣ ਲੱਗ ਪਏ।
ਗੱਲਾਂ ਨਾਲ ਮਹਾਨ ਬਣਨ ਇਹ, ਠੱਪੇ ਵਾਲੇ ਸਾਨ੍ਹ ਬਣਨ ਇਹ।
'ਜੱਜ' ਕਹੇ ਕੁੱਝ ਅਕਲ ਕਰੋ, ਢੱਠਿਆਂ ਦੀ ਫ਼ੌਜ ਕਿਉਂ ਪਾਲੀ ਐ?
ਹੁਣ ਪਕੜ ਧੌਣ ਤੋਂ ਇਕ ਇਕ ਨੂੰ, ਬਸ ਗੋਲੀ ਮਾਰਨ ਵਾਲੀ ਐ।

- ਗੁਰਨਾਮ ਸਿੰਘ ਜੱਜ
ਮੋਬਾਈਲ : 82838-04766

ਦਿੱਲੀ ਕਹਿੰਦੇ ਦਿਲ ਵਾਲੇ ਕੰਮ ਨਾ ਕਰੇ

ਦਿੱਲੀ ਕਹਿੰਦੇ ਦਿਲ ਵਾਲੇ ਕੰਮ ਨਾ ਕਰੇ,
ਵੋਟਾਂ ਲੈ ਕੇ ਪਾਸਾ ਵੱਟ ਜਾਂਦੇ ਨੇ ਪਰੇ।
ਉਨ੍ਹਾਂ ਨੂੰ ਪੰਜ ਸਾਲ ਐਸ਼-ਬਹਾਰਾਂ ਰਹਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਕਹਿੰਦੇ ਰੱਬ ਨਾਲ ਵੈਰ ਨਹੀਂ ਪਾ ਸਕਦੇ
ਰੇਲੇ ਫਾਟਕਾਂ 'ਤੇ ਗੇਟ ਨਹੀਂ ਲਾ ਸਕਦੇ।
ਅਸੀ ਕਿਥੇ-ਕਿਥੇ ਪਹਿਰੇ ਲਾਈਏ ਸਰਕਾਰਾਂ ਫਟਕਾਰਾਂ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਜੀਹਦੇ 'ਕੱਲਾ-'ਕੱਲਾ ਪੁੱਤਰ ਸੀ ਚਿਰਾਗ ਬੁੱਝ ਗਏ,
ਬੱਚੇ ਮਰ ਗਏ ਨਾਲੇ ਆਪ ਮਰ ਗਏ, ਖਾਣੇ ਪੀਣੇ ਖੁੰਝ ਗਏ।
ਤੇਜ਼ੀ ਨਾਲ ਬੱਸ ਚਲਾਉਣ ਦਾ ਕਿਉਂ ਅਧਿਕਾਰ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਅੰਮ੍ਰਿਤ ਵੇਲੇ ਕਹਿੰਦੇ ਚੰਗਾ ਹੁੰਦਾ, ਪਾਪ ਮਿੱਟ ਜਾਂਦੇ ਨੇ,
ਚਾਹ ਪੀ ਕੇ ਰੋਟੀ ਦੀ ਤਿਆਰੀ, ਅਖ਼ਬਾਰ ਸੁੱਟ ਜਾਂਦੇ ਨੇ।
ਮਰ ਗਏ ਏਨੇ ਜ਼ਖ਼ਮੀ, ਸੀਨਾ ਖਾਰ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਦੋ-ਦੋ ਬੱਚਿਆਂ ਤੋਂ ਬਾਅਦ ਤੀਜਾ ਨਾ ਹੋਵੇ ਸਰਕਾਰ ਕਹਿੰਦੀ ਹੈ,
ਦਿੱਲੀ ਮੀਟਿੰਗ ਵਿਚ ਹੋਣ ਫ਼ੈਸਲੇ ਮੀਟਿੰਗਾਂ ਬਹਿੰਦੀਆਂ,
ਤੀਜਾ ਬੱਚਾ ਕਿਸੇ ਦੇ ਨਾ ਹੋਵੇ, ਉਤੋਂ ਲਲਕਾਰ ਦਿੰਦੀਆਂ।
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਨਾਲੇ ਦਿੱਲੀ ਰਾਜਧਾਨੀ ਕਹਿੰਦੇ ਨੇ ਪਰ ਦਿੱਲੀ ਨਹੀਂ ਸੰਗਦੀ,
ਉਹਦੇ ਮੂਹਰੇ ਜਾ ਕੇ ਜਿਹੜਾ ਵੇਖ ਰੋਂਦਾ ਮੂਹਰੋਂ ਸੀਸ ਮੰਗਦੀ।
ਚਾਂਦਨੀ ਚੌਕ ਨੂੰ ਕਿਉਂ ਚੌਕ ਕਹਿੰਦੇ ਨੇ ਪ੍ਰਵਾਰ ਮਾਰ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਵੀਹ-ਪੰਝੀ ਉਥੇ ਅਹਿਲਕਾਰ ਬੈਠੇ ਨੇ ਵਿਚ ਰਾਜਧਾਨੀ ਦੇ,
ਬਲਾਤਕਾਰ ਦਿੱਲੀ ਵਿਚ ਰੋਜ਼ ਹੁੰਦੇ ਨੇ ਹੇਠ ਨਿਗਰਾਨੀ ਦੇ।
ਫਾਂਸੀ ਦੀ ਡੇਟ ਕਰ ਕੇ ਫਾਂਸੀ ਤੋੜ ਦਿਉ ਅਧਿਕਾਰ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।
ਵੋਟਾਂ ਪਿੱਛੇ ਕਿਸੇ ਨੂੰ ਨਾ ਫਾਂਸੀ ਦਿੰਦੇ ਮੂੰਹ ਨੂੰ ਜਿੰਦਾ ਲਾਇਆ,
ਜੀਹਦਾ ਰੇਲ ਗੱਡੀ ਨਾਲ ਜੁਆਕ ਮਰ ਗਿਆ ਲੱਖ ਨਾਲ ਵਰਚਾ ਲਿਆ।
ਦਰਸ਼ਨ ਸਿੰਘ ਤੂੰ ਵੀ ਚੁੱਪ ਕਰ ਜਾ ਬੁੱਤਾ ਸਾਰ ਦਿੰਦੀਆਂ,
ਰੇਲ ਗੱਡੀਆਂ ਬਸਾਂ ਵਿਚ ਵੱਜ ਕੇ ਸਕੂਲੀ ਬੱਚੇ ਮਾਰ ਦਿੰਦੀਆਂ।

- ਦਰਸ਼ਨ ਸਿੰਘ ਗਿੱਲ ਕਵੀਸ਼ਰ,
ਪਿੰਡ ਅਤੇ ਡਾਕ : ਕੈਂਟੂ (ਬਰਨਾਲਾ)।
ਮੋਬਾਈਲ : 88726-79834

ਨਵਨੀਤ ਕੌਰ ਤੇ ਮਾਤਾ ਪਿਆਰ ਕੌਰ ਦੇ ਨਾਂ

ਸਾਨੂੰ ਪਤਾ ਸੀ, ਅਸੀ ਜਾਣਦੇ ਸੀ, ਇਹੀ ਹੋਵੇਗਾ!
ਮਨੂੰ ਸਿਮ੍ਰਤੀ ਵਾਲਿਆਂ ਦੇ ਦਿਲਾਂ ਵਿਚ ਧਰਮ ਨਹੀਂ ਹੈ।
ਸਾਨੂੰ ਤਾਂ ਰਿਹਾ ਕਦੇ ਵੀ ਭਰਮ ਨਹੀਂ ਹੈ।
ਕਿਹਰ ਸਿੰਘ ਹੋਵੇ ਜਾਂ ਦਵਿੰਦਰਪਾਲ ਸਿੰਘ ਭੁੱਲਰ!
ਕਦੇ ਕਹਿਰ ਵਰ੍ਹਦਾ ਹੈ, ਕਦੇ ਇਨਸਾਫ਼ ਭੁਲਦਾ ਹੈ।
ਸ਼ੰਬੂਕ, ਅਫ਼ਜ਼ਲ ਗੁਰੂ, ਭੁੱਲਰ ਦਾ ਲਹੂ ਡੁਲ੍ਹਦਾ ਹੈ।

ਮਿੰਨੀ ਕਹਾਣੀਆਂ

ਬੋਤਲ

ਚਮਕੌਰ ਨੇ ਯੂ.ਪੀ. ਤੋਂ ਆਏ ਪ੍ਰਵਾਸੀ ਮਜ਼ਦੂਰ ਨੂੰ ਅਪਣੇ ਨਾਲ ਖੇਤੀ ਦੇ ਕੰਮ ਵਿਚ ਸੀਰੀ ਰੱਖ ਲਿਆ। ਚਮਕੌਰ ਉਂਜ ਤਾਂ ਚੰਗਾ ਪੜ੍ਹਿਆ ਲਿਖਿਆ ਬੰਦਾ ਹੈ ਪਰ ਉਸ ਦੀ ਜ਼ਿਆਦਾ ਸ਼ਰਾਬ ਪੀਣ ਦੀ ਆਦਤ ਕਰ ਕੇ, ਬਾਪ-ਦਾਦੇ ਦੀ ਮਿਹਨਤ ਨਾਲ ਇਕੱਠੀ ਕੀਤੀ ਪੂੰਜੀ ਘਟਦੀ ਜਾ ਰਹੀ ਸੀ। ਇਕ ਦਿਨ ਉਸ ਦਾ ਸੀਰੀ ਖੇਤਾਂ ਵਿਚ ਕੀੜੇ ਮਾਰ ਦਵਾਈ ਦੀਆਂ ਖ਼ਾਲੀ ਬੋਤਲਾਂ ਘਰ ਚੁੱਕ ਲਿਆਇਆ। ਇਹ ਵੇਖ ਕੇ, ਚਮਕੌਰ ਗੁੱਸੇ ਵਿਚ ਲਾਲ-ਪੀਲਾ ਹੋ ਗਿਆ ਤੇ ਬੋਲਿਆ, "ਨਾ ਤੈਨੂੰ ਪਤਾ ਨਹੀਂ, ਇਹ ਜ਼ਹਿਰ ਏ। ਬੋਤਲ 'ਤੇ ਸਾਫ਼ ਲਿਖਿਆ ਹੋਇਐ। ਘਰ ਵਿਚ ਬੱਚੇ ਨੇ। ਜੇ ਛੂ ਲੈਣ ਤਾਂ ਕਿੰਨਾ ਨੁਕਸਾਨ ਹੋ ਸਕਦੈ।"

ਇਹ ਸੱਭ ਵੇਖ, ਚਮਕੌਰ ਦਾ ਦਾਦਾ ਬੋਲਿਆ, "ਇਹ ਤਾਂ ਅਨਪੜ੍ਹ ਬੰਦਾ ਹੈ। ਇਸ ਲਈ ਗ਼ਲਤੀ ਹੋ ਗਈ। ਪਰ ਤੂੰ ਤਾਂ ਪੜ੍ਹਿਆ-ਲਿਖਿਆ ਅਨਪੜ੍ਹ ਹੈਂ, ਸ਼ਰਾਬ ਦੀ ਬੋਤਲ 'ਤੇ ਵੀ ਲਿਖਿਆ ਹੁੰਦੈ ਕਿ ਸ਼ਰਾਬ ਸਿਹਤ ਲਈ ਹਾਨੀਕਾਰਕ ਹੈ। ਕੀ ਤੈਨੂੰ ਕਦੇ ਨਜ਼ਰ ਨਹੀਂ ਆਇਆ? ਮੈਂ ਕਹਿਨਾਂ, ਇਸ ਨੂੰ ਪੀਣ ਨਾਲ ਤੇਰੇ ਸ੍ਰੀਰ ਤੇ ਤਾਂ ਮਾੜਾ ਅਸਰ ਹੋ ਹੀ ਰਿਹੈ, ਪਰ ਇਹ ਚੰਦਰੀ ਤੇਰੇ ਬੱਚਿਆਂ ਅਤੇ ਪ੍ਰਵਾਰ 'ਤੇ ਬਿਨਾਂ ਛੂਹੇ ਹੀ ਮਾੜਾ ਅਸਰ ਕਰਦੀ ਜਾ ਰਹੀ ਹੈ।" ਸੱਚ ਸੁਣਨ ਤੋਂ ਬਾਅਦ ਚਮਕੌਰ ਦਾ ਗੁੱਸਾ ਠੰਢਾ ਜਿਹਾ ਪੈ ਗਿਆ ਤੇ ਉਹ ਬੋਤਲ ਤੋਂ ਹੋਣ ਵਾਲੇ ਨਸ਼ੇ ਤੇ ਨੁਕਸਾਨ ਬਾਰੇ ਸੋਚਣ ਲੱਗ ਪਿਆ।

- ਅਮਰੀਕ ਮਾਨਾਂ,
ਪਿੰਡ : ਮਾਨਾਂ, ਡਾਕ : ਮੀਮਸਾ, ਜ਼ਿਲ੍ਹਾ : ਸੰਗਰੂਰ।
ਮੋਬਾਈਲ : 98147-86707

ਹਰਾਮ

ਹਰੀਸ਼ ਪ੍ਰਮਾਤਮਾ ਤੋਂ ਹਮੇਸ਼ਾ ਡਰਦਾ। ਉਹ ਸੱਚੀ-ਸੁੱਚੀ ਕਿਰਤ ਕਰਨ ਵਿਚ ਭਰੋਸਾ ਰਖਦਾ ਸੀ। ਨਾਲ ਵਾਲੇ ਬੰਦੇ ਉਸ ਨੂੰ ਪੁਰਾਣੀ ਸਦੀ ਦਾ ਬੰਦਾ ਕਹਿੰਦੇ ਸਨ। ਕਈ ਤਾਂ ਉਸ ਨੂੰ ਹਰੀਸ਼ ਚੰਦਰ ਦਾ ਅਵਤਾਰ...।

ਅੱਜ ਮੱਲੋ-ਮੱਲੀ ਇਕ ਕਾਰਖ਼ਾਨੇਦਾਰ ਉਸ ਦੀ ਜੇਬ ਵਿਚ ਕੁੱਝ ਪੈਸੇ ਪਾ ਗਿਆ। ਸਾਲਾਂ ਪੁਰਾਣੀ ਈਮਾਨਦਾਰੀ ਡੋਲਣ ਲੱਗੀ। ਉਹ ਦਫ਼ਤਰੋਂ ਸਿੱਧਾ ਢਾਬੇ 'ਤੇ ਗਿਆ। ਮੁਰਗੇ ਦਾ ਆਡਰ ਦਿਤਾ। ਜਦ ਖਾਣ ਲੱਗਾ ਤਾਂ ਪਤਾ ਨਹੀਂ ਕਦ ਉਸ ਦਾ ਅਪਣਾ ਹੀ ਹੱਥ ਪਲੇਟ ਨੂੰ ਵੱਜ ਗਿਆ ਤੇ ਪਲੇਟ ਜ਼ਮੀਨ 'ਤੇ ਡਿੱਗ ਪਈ -- ਸਾਰੇ ਦਾ ਸਾਰਾ ਮੀਟ ਜ਼ਮੀਨ 'ਤੇ ਡਿੱਗ ਪਿਆ। ਨਾਲ ਵਾਲੇ ਮੇਜ਼ 'ਤੇ ਬੈਠੇ ਡਰਾਈਵਰ ਦੇ ਕੁੱਤੇ ਨੇ ਕਾਹਲੀ-ਕਾਹਲੀ ਸੰਗਲੀ ਛੁਡਾਈ ਤੇ ਛੇਤੀ ਨਾਲ ਮੀਟ ਖਾਣ ਲੱਗ ਪਿਆ।

- ਵਰਿੰਦਰ ਆਜ਼ਾਦ,
ਸੁਲਤਾਨਵਿੰਡ ਰੋਡ, ਅੰਮ੍ਰਿਤਸਰ, ਮੋਬਾਈਲ : 98150-21527

ਧਨ ਵਰਸ਼ਾ

ਮੇਰੇ ਮੋਬਾਈਲ ਦੀ ਘੰਟੀ ਵੱਜੀ। ਜਦੋਂ ਮੈਂ ਫ਼ੋਨ ਚੁਕਿਆ ਤਾਂ ਅੱਗੋਂ ਇਕ ਲੜਕੀ ਬੋਲ ਰਹੀ ਸੀ, "ਜੇਕਰ ਤੁਸੀ ਹੋਰ ਅਮੀਰ ਹੋਣਾ ਚਾਹੁੰਦੇ ਹੋ ਤਾਂ ਤੁਸੀ ਸਾਡੇ ਕੋਲੋਂ ਧਨ ਵਰਸ਼ਾ ਯੰਤਰ ਖ਼ਰੀਦੋ ਤੇ ਇਸ ਨਾਲ ਤੁਹਾਡੇ ਖ਼ਜ਼ਾਨੇ ਭਰਪੂਰ ਹੋ ਜਾਣਗੇ।" ਮੈਂ ਉਸ ਨੂੰ ਕਿਹਾ, "ਤੁਸੀ ਰੁਪਿਆਂ ਦੀ ਪ੍ਰਵਾਹ ਨਾ ਕਰੋ। ਹੁਣ ਅਸੀ ਟੈਕਸਾਂ ਦੇ ਥੱਲੇ ਦੱਬੇ ਜਾ ਰਹੇ ਹਾਂ ਤੇ ਤੁਸੀ ਘੱਟੋ-ਘੱਟ ਇਕ ਦਰਜਨ ਧਨ ਵਰਸ਼ਾ ਯੰਤਰ ਸਾਡੀ ਸਰਕਾਰ ਦੇ ਪਤੇ 'ਤੇ ਭੇਜ ਦਿਉ।"

- ਦਵਿੰਦਰ ਜੀਤ,
ਪਿੰਡ : ਭੁਜਰਗ, ਜਗਰਾਉਂ, ਲੁਧਿਆਣਾ।
ਮੋਬਾਈਲ : 98551-27254

ਸਮੁੰਦਰੋਂ ਡੂੰਘੀ ਸੋਚ

ਉਸ ਨੂੰ ਤਰਕਸ਼ੀਲ ਸੁਸਾਇਟੀ ਦਾ ਮੁੱਢ ਮੰਨਿਆ ਜਾਂਦਾ ਸੀ ਕਿਉਂਕਿ ਉਹ ਅਪਣੇ ਨੇੜੇ ਦੇ ਪਿੰਡਾਂ ਵਿਚ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਨ ਲਈ ਤਰਕਸ਼ੀਲ ਸੁਸਾਇਟੀ ਦੁਆਰਾ ਡਰਾਮੇ ਕਰਵਾਉਂਦਾ ਸੀ। ਉਸ ਦੀ ਨੇੜੇ ਪਿੰਡਾਂ ਵਿਚ ਕਾਫ਼ੀ ਚਰਚਾ ਸੀ। ਉਸ ਕੋਲ ਕੋਈ ਵੀ ਭੂਤ-ਪ੍ਰੇਤ ਜਾਂ ਫਿਰ ਵਹਿਮ-ਭਰਮ ਦੀ ਗੱਲ ਉੱਕਾ ਹੀ ਨਹੀਂ ਸੀ ਕਰਦਾ।

ਉਸ ਦੇ ਮੁੰਡੇ ਦੇ ਵਿਆਹ ਵਿਚ ਥੋੜੇ ਹੀ ਦਿਨ ਰਹਿ ਗਏ ਸਨ। ਉਹ ਸਾਰੀ ਰਾਤ ਬੈਠਾ ਸੋਚਦਾ ਰਿਹਾ ਕਿ ਵਿਆਹਾਂ ਤੋਂ ਬਾਅਦ ਆਮ ਕਰ ਕੇ ਰਿਸ਼ਤੇ ਕਿਉਂ ਟੁੱਟ ਜਾਂਦੇ ਹਨ, ਤਲਾਕ ਕਿਉਂ ਹੋ ਜਾਂਦੇ ਹਨ? ਇਨ੍ਹਾਂ ਸੋਚਾਂ ਦੇ ਨਾਲ-ਨਾਲ ਉਸ ਦੇ ਜ਼ਿਹਨ ਵਿਚ ਕਈ ਹੋਰ ਬੁਰੇ ਖ਼ਿਆਲਾਂ ਨੇ ਉਸ ਨੂੰ ਸਾਰੀ ਰਾਤ ਸੌਣ ਨਾ ਦਿਤਾ। ਸਵੇਰ ਹੁੰਦਿਆਂ ਹੀ ਉਹ ਅਪਣੇ ਪਿੰਡ ਦੇ ਮੰਨੇ-ਪ੍ਰਮੰਨੇ ਪੰਡਤ ਕੋਲ ਗਿਆ ਤੇ ਪੰਡਤ ਨੂੰ ਕਹਿਣ ਲੱਗਾ, "ਮਹਾਰਾਜ ਜੀ, ਥੋੜੇ ਦਿਨਾਂ ਤਕ ਮੇਰੇ ਮੁੰਡੇ ਦਾ ਵਿਆਹ ਏ ਤੇ ਮੇਰਾ ਮਨ ਬਹੁਤ ਡਰ ਰਿਹੈ। ਮਿਹਰਬਾਨੀ ਕਰ ਕੇ ਵਿਆਹ ਦਾ ਸ਼ੁਭ ਦਿਨ ਕੱਢ ਦਿਉ।"

ਪੰਡਤ ਉਸ ਦੀ ਗੱਲ ਸੁਣ ਕੇ ਸਮੁੰਦਰੋਂ ਡੂੰਘੀ ਸੋਚ ਵਿਚ ਡੁੱਬ ਗਿਆ।

- ਰਾਜਬਿੰਦਰ ਸ਼ਮੀਰ, ਬਠਿੰਡਾ।
ਮੋਬਾਈਲ : 98154-45420

ਸਾਜਨ

ਬੜੀ ਸੱਜ ਧੱਜ ਨਾਲ ਹਜ਼ਾਰਾ ਸਿੰਘ ਮੁੰਡੇ ਨੂੰ ਵਿਆਹੁਣ ਚੜ੍ਹਿਆ। ਵਿਹੜੇ ਵਿਚ ਬੈਂਡ ਵਾਜਿਆਂ ਨੇ ਖ਼ੂਬ ਰੌਣਕਾਂ ਲਾਈਆਂ। ਬਹੁਤੇ ਬਾਰਾਤੀ ਤਾਂ ਘਰ ਵਾਲਿਆਂ ਵਲੋਂ ਕੀਤੀ ਬੱਸ ਵਿਚ ਸਵਾਰ ਹੋ ਗਏ ਤੇ ਬਾਕੀ ਆਪੋ ਅਪਣੀਆਂ ਕਾਰਾਂ ਵਿਚ ਲੜਕੀ ਵਾਲਿਆਂ ਵਲ ਰਵਾਨਾ ਹੋ ਗਏ। ਭਾਵੇਂ ਲੜਕੀ ਵਾਲਿਆਂ ਨੇ 10 ਵਜੇ ਤਕ ਪਹੁੰਚਣ ਅਤੇ 12 ਵਜੇ ਤੋਂ ਪਹਿਲਾਂ-ਪਹਿਲਾਂ ਅਨੰਦ ਕਾਰਜ ਕਰਨ ਦੀ ਤਾਕੀਦ ਕੀਤੀ ਸੀ, ਪਰ ਤੀਵੀਆਂ ਵਲੋਂ ਰਸਮੋ ਰਿਵਾਜ ਪੂਰੇ ਕਰਨ ਦੀ ਹਠਧਰਮੀ ਕਾਰਨ ਇਥੇ ਹੀ 11 ਵਜ ਚੁੱਕੇ ਸਨ। ਖ਼ੈਰ! ਸਾਢੇ ਬਾਰਾਂ ਵਜੇ ਬਾਰਾਤ ਮੈਰਿਜ ਪੈਲੇਸ ਪਹੁੰਚੀ। ਵਿਚੋਲੇ ਨੇ ਲੇਟ ਹੋ ਚੁੱਕੀ ਬਾਰਾਤ ਨੂੰ ਪਹਿਲਾਂ ਚਾਹ-ਪਾਣੀ ਪੀਣ ਤੇ ਬਾਅਦ ਵਿਚ ਮਿਲਣੀ ਕਰਨ ਲਈ ਰਾਜ਼ੀ ਕਰ ਲਿਆ ਸੀ। ਹੁਣ ਲੜਕੀ ਵਾਲਿਆਂ ਦੇ ਰਿਸ਼ਤੇਦਾਰ ਹੱਥਾਂ ਵਿਚ ਹਾਰ ਫੜੀ 'ਹਮ ਘਰਿ ਸਾਜਨ ਆਏ' ਦਾ ਸ਼ਬਦ ਮਿਲ ਕੇ ਗਾਉਂਦੇ ਹੋਏ ਮਿਲਣੀ ਲਈ ਤਿਆਰ ਖੜੇ ਸਨ ਤੇ ਭਾਈ ਸਾਹਿਬ ਵੀ ਗਲ ਵਿਚ ਪੱਲਾ ਪਾਈ ਅਰਦਾਸ ਕਰਨ ਲਈ ਉਤਾਵਲੇ ਨਜ਼ਰ ਆ ਰਹੇ ਸਨ। ਪੱਬਾਂ ਭਾਰ ਹੋਇਆ ਵਿਚੋਲਾ ਮੁੰਡੇ ਵਾਲਿਆਂ ਤੋਂ 'ਕਿੰਨੀਆਂ ਮਿਲਣੀਆਂ ਤੇ ਕੀਹਦੇ ਕੀਹਦੇ ਨਾਲ' ਕਰਵਾਉਣ ਬਾਰੇ ਹੁਕਮ ਹਾਸਲ ਕਰ ਰਿਹਾ ਸੀ।

ਪਰ ਹੈਂ...! ਇਹ ਕੀ। ਹਜ਼ਾਰਾ ਸਿੰਘ ਤਾਂ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਭਲਾ ਕੁੜਮ ਤੋਂ ਬਿਨਾਂ ਮਿਲਣੀ ਸ਼ੁਰੂ ਕਿਵੇਂ ਹੋਵੇ। ਬੜੀ ਨੱਠ ਭੱਜ ਕਰਨ ਤੋਂ ਬਾਅਦ ਆਖ਼ਰ ਹਜ਼ਾਰਾ ਸਿੰਘ ਨਸ਼ੇ ਵਿਚ ਧੁੱਤ ਹੋਇਆ ਜੰਜਘਰ ਦੇ ਬਾਥਰੂਮ ਵਿਚ ਮੂਧੇ ਮੂੰਹ ਪਿਆ ਮਿਲ ਹੀ ਗਿਆ। ਹੁਣ ਇਕ ਪਾਸੇ ਹਜ਼ਾਰਾ ਸਿੰਘ ਦੇ ਭਰਾ ਤੇ ਰਿਸ਼ਤੇਦਾਰ ਸਹਾਰਾ ਦੇ ਕੇ ਉਸ ਦੇ ਹੱਥ ਵਿਚ ਹਾਰ ਫੜਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਦੂਜੇ ਪਾਸੇ 'ਹਮ ਘਰਿ ਸਾਜਨ ਆਏ' ਗਾਉਣ ਵਾਲਿਆਂ ਦੇ ਲਟਕੇ ਹੋਏ ਚਿਹਰੇ ਕਿਸੇ ਗੰਭੀਰ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ।

- ਪ੍ਰੀਤਮ ਸਿੰਘ ਲੁਹਾਰਟਿੱਬੀ,
ਮੋਬਾਈਲ : 80549-77889

ਸਫ਼ਾ ਇਕ ਦੀ ਬਾਕੀ...

ਇਟਲੀ ਵਿਚ ਮੈਂ ਘੋੜਿਆਂ ਦੀ ਲਿੱਦ

ਸਲਾਦ ਨੂੰ ਵੀ ਗੰਡੇ ਦੇ ਦਿੰਦਾ ਸੀ। ਇਕ ਦਿਨ ਮੈਂ ਅਪਣੇ ਦੋਸਤ ਕੋਲੋਂ ਇੰਡੀਅਨ ਹਰੀਆਂ ਮਿਰਚਾਂ ਚੁੱਕ ਲਿਆਇਆ। ਮੈਨੂੰ ਨਹੀਂ ਸੀ ਪਤਾ ਕਿ ਇਟਾਲੀਅਨ ਮਿਰਚ ਬਿਲਕੁਲ ਨਹੀਂ ਖਾ ਸਕਦੇ। ਮੈਂ ਅਪਣੇ ਮਾਲਕ ਸਾਹਮਣੇ ਰੋਟੀ ਬਣਾਉਂਦੇ ਸਮੇਂ ਮਖ਼ੌਲ ਵਿਚ ਇਕ ਮਿਰਚ ਖਾ ਗਿਆ। ਮੇਰੇ ਮਾਲਕ ਨੇ ਵੀ ਮੇਰੀ ਰੀਸ ਵਿਚ ਚੁੱਕ ਕੇ ਅੱਧੀ ਮਿਰਚ ਖਾ ਲਈ। ਮਿਰਚ ਏਨੀ ਕੌੜੀ ਸੀ ਕਿ ਉਹ ਪੂਛ ਨੂੰ ਅੱਗ ਲੱਗੇ ਰਾਕਟ ਵਾਂਗ ਮੇਰੇ ਕਮਰੇ 'ਚੋਂ ਬਾਹਰ ਨੂੰ ਦੌੜਿਆ। ਗੋਰਾ ਜਾਂ ਤਾਂ ਮੇਰੇ ਕਮਰੇ ਵਿਚ ਨਜ਼ਰ ਆਇਆ ਜਾਂ ਫਿਰ ਅਪਣੀ ਜੀਪ ਵਿਚ। ਘਰ ਜਾ ਕੇ ਉਸ ਨੇ ਕੋਕ ਪੀਤਾ, ਸ਼ਰਾਬ ਵੀ ਪੀਤੀ, ਪਰ ਉਸ ਦੇ ਮੂੰਹ ਵਿਚੋਂ ਸੜਨ ਨਹੀਂ ਗਈ। ਦੂਜੇ ਦਿਨ ਉਸ ਨੇ ਮੈਨੂੰ ਅਪਣਾ ਮੂੰਹ ਵਿਖਾਇਆ ਤਾਂ ਉਹ ਛਾਲਿਆਂ ਨਾਲ ਭਰਿਆ ਪਿਆ ਸੀ। ਫਿਰ ਕਦੇ ਉਸ ਨੇ ਮੇਰੇ ਕਮਰੇ ਵਿਚੋਂ ਕੋਈ ਚੀਜ਼ ਚੁੱਕ ਕੇ ਨਹੀਂ ਖਾਧੀ। ਫਿਰ ਮੈਂ ਘੋੜਿਆਂ ਦੇ ਫ਼ਾਰਮ ਵਿਚ ਕੰਮ 'ਤੇ ਲੱਗ ਗਿਆ। ਮੈਂ ਪਹਿਲਾਂ ਕਦੇ ਘੋੜਿਆਂ ਦਾ ਕੰਮ ਨਹੀਂ ਸੀ ਕੀਤਾ। ਪਹਿਲਾਂ ਮੈਂ ਇਕ ਦਿਨ ਘੋੜਿਆਂ ਦੇ ਫ਼ਾਰਮ ਵਿਚ ਜਾ ਕੇ ਵੇਖਿਆ ਕਿ ਕਿਸ ਤਰ੍ਹਾਂ ਕੰਮ ਹੁੰਦਾ ਹੈ। ਮੈਨੂੰ ਗੋਰਿਆਂ ਨੇ ਕਿਹਾ ਕਿ 'ਤੂੰ ਫ਼ਿਕਰ ਨਾ ਕਰ, ਹੌਲੀ-ਹੌਲੀ ਸਾਰਾ ਕੰਮ ਸਿਖ ਜਾਵੇਂਗਾ।'

ਚੁਕਦੇ ਹੋਏ ਵੇਖਦਾ ਸੀ ਤਾਂ ਮੈਨੂੰ ਬਹੁਤ ਹਾਸੀ ਆਉਂਦੀ ਸੀ ਕਿ 'ਜੇ ਇਨ੍ਹਾਂ ਦੀ ਮੰਗੇਤਰ ਨੂੰ ਇਥੇ ਬੁਲਾ ਕੇ ਵਿਖਾ ਦਿਤਾ ਜਾਵੇ ਕਿ ਉਹ ਲਿੱਦ ਚੁੱਕ ਰਹੇ ਹਨ ਤਾਂ ਉਹ ਅਜਿਹੇ 'ਲਿੱਦੜ' ਨਾਲ ਕਦੇ ਵੀ ਵਿਆਹ ਨਾ ਕਰਵਾਏ।'

ਜਿਹੜੇ ਲੋਕ ਭਾਰਤ ਵਿਚ ਆ ਕੇ ਇਥੋਂ ਦੇ ਲੋਕਾਂ ਨੂੰ ਸੋਨੇ ਦੇ ਛੱਲੇ-ਮੁੰਦੀਆਂ ਪਾ ਕੇ ਵਿਖਾਉਂਦੇ ਹਨ, ਇਨ੍ਹਾਂ 'ਚੋਂ ਬਹੁਤੇ 'ਲਿੱਦੜ' ਹੀ ਹੁੰਦੇ ਹਨ। ਜਿਹੜੇ ਭਾਰਤੀ ਮੁੰਡਿਆਂ ਨੂੰ ਕੋਈ ਕੰਮ ਨਹੀਂ ਸੀ ਮਿਲਦਾ, ਉਹ ਸਾਡੀਆਂ ਮਿੰਨਤਾਂ ਕਰਦੇ ਸਨ ਕਿ ਯਾਰ ਸਾਨੂੰ ਵੀ ਲਿੱਦ ਚੁੱਕਣ ਦੇ ਕੰਮ 'ਤੇ ਲੁਆ ਦਿਉ। ਇਕ ਦਿਨ ਅਜੀਬ ਘਟਨਾ ਵਾਪਰੀ। ਸਾਡੇ ਨਾਲ ਕੰਮ ਕਰਨ ਵਾਲੇ ਇਕ ਮੁੰਡੇ ਦੀ ਘਰ ਵਾਲੀ ਘੋੜਿਆਂ ਦੇ ਫ਼ਾਰਮ 'ਤੇ ਆ ਗਈ। ਉਸ ਸਮੇਂ ਉਹ ਲਿੱਦ ਚੁੱਕ ਕੇ ਰੇਹੜੀ ਵਿਚ ਲਿਜਾ ਰਿਹਾ ਸੀ। ਉਹ ਉਸ ਨੂੰ ਕਹਿਣ ਲੱਗੀ, "ਤੂੰ ਤਾਂ ਕਹਿੰਦਾ ਸੀ ਕਿ ਤੂੰ ਘੋੜਿਆਂ ਦੇ ਫ਼ਾਰਮ ਵਿਚ ਗਾਰਡ ਲੱਗਾ ਹੋਇਆ ਹੈਂ।"

ਉਹ ਕਹਿਣ ਲੱਗਾ, "ਭਾਗਵਾਨੇ, ਜੇ ਤੇਰਾ ਸਾਰਾ ਟੱਬਰ ਇਟਲੀ ਪੁੱਜ ਗਿਐ ਤਾਂ ਇਹ ਇਸ ਲਿੱਦ ਦੀ ਹੀ ਮਿਹਰਬਾਨੀ ਹੈ। ਤੈਨੂੰ ਤਾਂ ਲਿੱਦ ਨੂੰ ਮੱਥਾ ਟੇਕਣਾ ਚਾਹੀਦੈ, ਜਿਸ ਨੇ ਤੇਰੀਆਂ ਕਈ ਪੀੜ੍ਹੀਆਂ ਤਾਰ ਦਿਤੀਆਂ।" ਇਟਲੀ ਵਿਚ ਘੋੜਿਆਂ ਦੇ ਫ਼ਾਰਮ ਬਹੁਤ ਵੱਡੀ